**ਦਫ਼ਤਰ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਫਾਜ਼ਿਲਕਾ**

# ਚੋਣ ਕਮਿਸ਼ਨ ਨੂੰ 14 ਨਵੇਂ ਪੋਲਿੰਗ ਸਟੇਸ਼ਨ ਬਣਾਉਣ ਦੀ ਭੇਜੀ ਜਾਵੇਗੀ ਤਜਵੀਜ਼ -ਏ.ਡੀ.ਸੀ.

# ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸਨ ਸਬੰਧੀ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਹੋਈ ਬੈਠਕ

# ਜ਼ਿਲ੍ਹੇ 'ਚ ਪਹਿਲਾਂ ਨੇ 760 ਪੋਲਿੰਗ ਬੂਥ

ਫਾਜ਼ਿਲਕਾ 4 ਅਕਤੂਬਰ

ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਸ੍ਰੀ ਰਣਬੀਰ ਸਿੰਘ ਮੁੱਧਲ ਨੇ ਅੱਜ ਇੱਥੇ ਵੱਖ ਵੱਖ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨਾਲ ਬੈਠਕ ਕਰਕੇ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸਨ ਬਾਰੇ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਦੇ ਚਾਰ ਵਿਧਾਨ ਸਭਾ (ਫਾਜ਼ਿਲਕਾ, ਜਲਾਲਾਬਾਦ, ਅਬੋਹਰ ਤੇ ਬਲੂਆਣਾ) ਹਲਕਿਆਂ ਵਿਚ ਇਸ ਸਮੇਂ 760 ਪੋਲਿੰਗ ਸਟੇਸ਼ਨ ਹਨ ਅਤੇ ਹੁਣ ਵੋਟਾਂ ਦੀ ਗਿਣਤੀ ਪ੍ਰਤੀ ਪੋਲਿੰਗ ਬੂਥ ਵੱਧ ਜਾਣ ਕਾਰਨ 14 ਹੋਰ ਨਵੇਂ ਪੋਲਿੰਗ ਸਟੇਸ਼ਨਾਂ ਦੀ ਜ਼ਰੂਰਤ ਹੈ। ਇਸ ਸਬੰਧੀ ਤਜਵੀਜ਼ ਪ੍ਰਵਾਨਗੀ ਲਈ ਚੋਣ ਕਮਿਸ਼ਨ ਨੂੰ ਭੇਜੀ ਜਾਵੇਗੀ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਦਿਹਾਤੀ ਖੇਤਰਾਂ ਵਿਚ 1200 ਅਤੇ ਸ਼ਹਿਰੀ ਖੇਤਰਾਂ ਵਿਚ 1400 ਤੋਂ ਵਧੇਰੇ ਵੋਟਰਾਂ ਦੀ ਗਿਣਤੀ ਹੋਣ ਕਾਰਨ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸ਼ਨ ਕੀਤੀ ਜਾਂਦੀ ਹੈ ਅਤੇ ਲੋੜ ਅਨੁਸਾਰ ਵੋਟਰਾਂ ਦੇ ਨਾਲ ਦੇ ਸਟੇਸ਼ਨਾਂ ਵਿਚ ਬਦਲੀ ਜਾਂ ਨਵੇਂ ਪੋਲਿੰਗ ਸਟੇਸ਼ਨ ਬਣਾਉਣ ਬਾਰੇ ਫੈਸਲਾ ਲਿਆ ਜਾਂਦਾ ਹੈ।

ਵਧੀਕ ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ 79-ਜਲਾਲਾਬਾਦ ਹਲਕੇ ਵਿਚ 4, 80-ਫਾਜ਼ਿਲਕਾ ਅਤੇ 81-ਅਬੋਹਰ ਹਲਕੇ ਵਿੱਚ 3-3 ਅਤੇ 82-ਬੱਲੂਆਣਾ ਹਲਕੇ ਵਿਚ 4 ਨਵੇਂ ਪੋਲਿੰਗ ਬੂਥ ਬਣਾਉਣ ਦੀ ਤਜਵੀਜ਼ ਹੈ। ਉਨ੍ਹਾਂ ਨੇ ਕਿਹਾ ਕਿ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸ਼ਨ ਦਾ ਉਦੇਸ਼ ਹੈ ਕਿ ਵੋਟਰਾਂ ਨੂੰ ਵੋਟ ਪਾਉਣ ਲਈ ਆਪਣੇ ਘਰ ਤੋਂ 2 ਕਿਲੋਮੀਟਰ ਤੋਂ ਵੱਧ ਸਫਰ ਨਾ ਕਰਨਾ ਪਵੇ ਅਤੇ ਇਕ ਬੂਥ ਤੇ ਵੋਟਰਾਂ ਦੀ ਗਿਣਤੀ ਨਿਰਧਾਰਤ ਵੋਟਰਾਂ ਤੋਂ ਵਧੇਰੇ ਨਾ ਹੋਵੇ ਤਾਂ ਜੋ ਮਤਦਾਨ ਸਮੇਂ ਦੌਰਾਨ ਵੋਟਰ ਬਿਨ੍ਹਾਂ ਭੀੜ-ਭਾੜ ਦੇ ਆਪਣੀ ਵੋਟ ਦਾ ਸਹੀ ਇਸਤੇਮਾਲ ਕਰ ਸਕੇ।

ਇਸ ਮੌਕੇ ਇਲੈਕਸ਼ਨ ਕਾਨੂੰਗੋ ਸ. ਹਰਬੰਸ ਸਿੰਘ ਤੋਂ ਇਲਾਵਾ ਵੱਖ ਵੱਖ ਸਿਆਸੀ ਪਾਰਟੀਆਂ ਦੇ ਨੁੰਮਾਇੰਦੇ ਹਾਜਰ ਸਨ।